# DECLARATION OF UNDERSTANDING
PUNJABI

iaexcellence.com

ਐਲਾਨ ਪੱਤਰ

ਮੈਂ, ਨਿਮਨ-ਹਸਤਾਖ਼ਰੀ, ________________________, ਹੇਠ ਦਰਜ ਐਲਾਨ ਕਰਦਾ ਹਾਂ:

(ਬੀਮਾਸ਼ੁਦਾ)

ਮੈਂ ਸਵੀਕਾਰ ਕਰਦਾ ਹਾਂ ਕਿ ਐਕਸਲੈਂਸ ਲਾਈਫ਼ ਇਨਸ਼ੋਰੈਂਸ ਕੰਪਨੀ (ਐਕਸਲੈਂਸ) ਤੋਂ ਕਿਸੇ ਬੀਮਾ ਉਤਪਾਦ ਨੂੰ ਖ਼ਰੀਦਣ ਲਈ ਮੇਰੇ ਨੁਮਾਇੰਦੇ ਵੱਲੋਂ ਮੈਨੂੰ ਦਿੱਤੇ ਗਏ ਸਾਰੇ ਦਸਤਾਵੇਜ਼ੀ ਸਬੂਤ ਕੇਵਲ ਅੰਗਰੇਜ਼ ਜਾਂ ਫਰੈਂਚ ਵਿੱਚ ਹੀ ਉਪਲਬਧ ਹਨ;

ਸਭ ਦਸਤਾਵੇਜ਼ੀ ਸਬੂਤ ਜੋ ਬਾਅਦ ਵਿੱਚ ਐਕਸਲੈਂਸ ਵੱਲੋਂ ਮੈਨੂੰ ਭੇਜੇ ਜਾਣਗੇ ਉਹ ਮੈਨੂੰ ਪ੍ਰਾਪਤ ਹੋਣ ਵਾਲੇ ਆਰੰਭਕ ਦਸਤਾਵੇਜ਼ਾਂ ਵਾਲੀ ਜ਼ਬਾਨ ਵਿੱਚ ਹੀ ਹੋਣਗੇ ਜਦੋਂ ਮੈਂ ਬੀਮਾ ਉਤਪਾਦ ਦੀ ਖ਼ਰੀਦ ਕਰਦਾ ਹਾਂ;

ਮੈਂ ਸਵੀਕਾਰ ਕਰਦਾ ਹਾਂ ਕਿ ਮੇਰੇ ਬੀਮਾ ਉਤਪਾਦ ਨਾਲ ਸਬੰਧਤ ਸਭ ਦਸਤਾਵੇਜ਼ਾਂ ਅਤੇ ਚਿੱਠੀ ਪੱਤਰ ਨੂੰ ਪੂਰੀ ਤਰ੍ਹਾਂ ਸਮਝਣਾ ਮੇਰੀ ਜ਼ਿੰਮੇਵਾਰੀ ਹੈ;

ਕੋਈ ਵੀ ਦਸਤਾਵੇਜ਼ੀ ਸਬੂਤ ਜੋ ਐਕਸਲੈਂਸ ਜਾਂ ਮੇਰੇ ਨੁਮਾਇੰਦੇ ਵੱਲੋਂ ਮੈਨੂੰ ਦਿੱਤਾ ਜਾਂਦਾ ਹੈ ਨੂੰ ਮੈਨੂੰ ਆਪਣੇ ਖ਼ਰਚੇ `ਤੇ ਅਨੁਵਾਦ ਕਰਾਉਣ ਦੀ ਖੁੱਲ੍ਹ ਹੈ। ਇਸ ਤੋਂ ਇਲਾਵਾ, ਐਕਸਲੈਂਸ ਨਾਲ ਪ੍ਰਤੀਬੱਧ ਹੋਣ ਤੋਂ ਪਹਿਲਾਂ ਮੈਨੂੰ ਦਸਤਾਵੇਜ਼ੀ ਸਬੂਤਾਂ ਨੂੰ ਅਨੁਵਾਦ ਕਰਾਉਣ ਲਈ ਮੌਕਾ ਦਿੱਤਾ ਗਿਆ ਸੀ;

ਕੇਵਲ ਐਕਸਲੈਂਸ ਤੋਂ ਉਤਪੰਨ ਹੋਣ ਵਾਲੇ ਦਸਤਾਵੇਜ਼ੀ ਸਬੂਤ ਨੂੰ ਬੀਮਾ ਉਤਪਾਦ ਦੇ ਸਬੰਧ ਵਿੱਚ ਧਿਰਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਨੂੰ ਨਿਰਧਾਰਤ ਕਰਨ ਲਈ ਹੀ ਵਰਤਿਆ ਜਾਵੇਗਾ, ਅਤੇ ਐਕਸਲੈਂਸ ਮੇਰੀ ਚੋਣ ਦੀ ਜ਼ਬਾਨ ਵਿੱਚ ਕਿਸੇ ਅਨੁਵਾਦ ਨੂੰ ਪਾਬੰਦ ਨਹੀਂ ਹੋਵੇਗੀ;

ਮੈਂ ਬੀਮਾ ਉਤਪਾਦ ਦੀਆਂ ਵਿਸ਼ੇਸ਼ਤਾਵ ਨੂੰ ਸਮਝਣ ਅਤੇ ਵਿਆਖਿਆ ਲੈਣ ਪਿੱਛੋਂ ਐਕਸਲੈਂਸ ਵੱਲੋਂ ਜਾਰੀ ਕੀਤੇ ਗਏ ਦਸਤਾਵੇਜ਼ਾਂ `ਤੇ ਦਸਤਖ਼ਤ ਕੀਤੇ ਸਨ, ਸਮੇਤ ਵੱਖ ਵੱਖ ਸੀਮਾਵਾਂ ਅਤੇ ਬੰਦਸ਼ਾਂ ਦੇ। ਬੀਮਾ ਉਤਪਾਦ ਨੂੰ ਜਾਰੀ ਕਰਨ ਦੇ ਮੰਤਵ ਲਈ ਬੇਨਤੀ ਕੀਤੇ ਗਏ ਬੀਮਾ ਉਤਪਾਦ ਵਾਸਤੇ ਐਕਸਲੈਂਸ ਨੂੰ ਉਪਲਬਧ ਕੀਤੇ ਗਏ ਮੇਰੇ ਉੱਤਰ ਮੇਰੇ `ਤੇ ਕਾਨੂੰਨੀ ਤੌਰ ਤੇ ਲਾਜ਼ਮੀ ਲਾਗੂ ਹੋਣਗੇ, ਉਸੇ ਹੱਦ ਤੱਕ ਜਿਵੇਂ ਕੋਈ ਐਲਾਨ ਪੱਤਰ ਜਾਂ ਜਾਣਕਾਰੀ ਜੋ ਮੈਂ ਬੇਨਤੀ ਕੀਤੇ ਗਏ ਬੀਮਾ ਉਤਪਾਦ ਨੂੰ ਪ੍ਰਸ਼ਾਸਤ ਕਰਨ ਦੇ ਮੰਤਵ ਲਈ ਮੁਹੱਈਆ ਕਰ ਸਕਦਾ ਹਾਂ।

ਅਤੇ ਮੈਂ ਇਸ ______________ਵਿਖੇ **ਇਸ ਮਿਤੀ** ਨੂੰ ਦਸਤਖ਼ਤ ਕੀਤੇ ਹਨ ____________________

(ਸਥਾਨ) (ਮਿਤੀ)

____________________________

ਬੀਮਾਸ਼ੁਦਾ

____________________________ ____________________________

ਗਵਾਹ ਨਾਮ (ਕਿਰਪਾ ਕਰਕੇ ਪਰਿੰਟ ਕਰੋ)